BC Financial Services Authority

# ਰੀਅਲ ਇਸਟੇਟ ਸੇਵਾਵਾਂ ਲਈ ਪੈਸੇ ਦੇਣਾ: ਵੇਚਣ ਵਾਲਿਆਂ ਨੂੰ ਕੀ ਜਾਣਨ ਦੀ ਲੋੜ ਹੈ।

**ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ** ਕਾਨੂੰਨ ਵੱਲੋਂ ਸਥਾਪਤ ਕੀਤੀ ਗਈ ਨਿਯਮ ਲਾਗੂ ਕਰਨ ਵਾਲੀ ਏਜੰਸੀ ਹੈ ਜਿਹੜੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਕੋਲ ਤੁਹਾਨੂੰ ਉੱਚ ਪੱਧਰ ਦੀਆਂ ਸੇਵਾਵਾਂ ਦੇਣ ਲਈ ਯੋਗਤਾਵਾਂ ਅਤੇ ਗਿਆਨ ਹੋਵੇ। ਸਾਰੇ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਉਹਨਾਂ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜੋ ਤੁਹਾਡੇ ਵਰਗੇ ਖਪਤਕਾਰਾਂ ਦੀ ਸੁਰੱਖਿਆ ਕਰਦੇ ਹੋਣ। ਅਸੀਂ ਰੀਅਲ ਇਸਟੇਟ ਦੇ ਇਕ ਖਪਤਕਾਰ ਵੱਜੋਂ ਆਪਣੇ ਹੱਕਾਂ ਬਾਰੇ ਜਾਣਕਾਰੀ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਹਾਜ਼ਰ ਹਾਂ।

**ਆਪਣੀ ਜਾਣਕਾਰੀ ਲਈ ਜਾਣਕਾਰੀ ਵਾਲੇ ਇਸ ਸਫੇ ਨੂੰ ਆਪਣੇ ਕੋਲ ਰੱਖੋ।**

## ਤੁਹਾਡੀ ਪ੍ਰਾਪਰਟੀ ਨੂੰ ਖ਼੍ਰੀਦਣ ਲਈ ਤੁਹਾਨੂੰ ਕੋਈ ਆਫਰ ਦੇਣ ਸਮੇਂ ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਤੁਹਾਨੂੰ ਇਹ ਫਾਰਮ ਦੇਣਾ ਜ਼ਰੂਰੀ ਹੈ।

ਉਹਨਾਂ ਲਈ ਤੁਹਾਨੂੰ ਅੱਗੇ ਦਿੱਤੀਆਂ ਗੱਲਾਂ ਦੱਸਣਾ ਜ਼ਰੂਰੀ ਹੈ:

- ਉਹ ਰਕਮ ਜੋ ਉਨ੍ਹਾਂ ਦੀ ਬ੍ਰੋਕਰੇਜ ਨੂੰ ਅਦਾ ਕੀਤੀ ਜਾਵੇਗੀ
- ਉਹ ਰਕਮ ਜੋ ਖ਼੍ਰੀਦਦਾਰ ਦੀ ਬ੍ਰੋਕਰੇਜ ਨੂੰ ਦਿੱਤੀ ਜਾਵੇਗੀ, ਜੇ ਕੋਈ ਰਕਮ ਦੇਣੀ ਹੋਵੇ ਤਾਂ
- ਉਹ ਰਕਮ ਜੋ ਇਸ ਸੌਦੇ ਵਿੱਚ ਤੁਹਾਡੀ ਨੁਮਾਇੰਦਗੀ ਕਰਨ ਲਈ ਉਨ੍ਹਾਂ ਦੀ ਬ੍ਰੋਕਰੇਜ ਰੱਖੇਗੀ

ਇਹ ਰਕਮਾਂ ਤੁਹਾਨੂੰ ਦਿੱਤੀਆਂ ਜਾਣ ਵਾਲੀਆਂ ਆਫਰਾਂ 'ਤੇ ਨਿਰਭਰ ਕਰ ਸਕਦੀਆਂ ਹਨ, ਅਤੇ ਇਹ ਜਾਣਕਾਰੀ ਤੁਹਾਡੇ ਵੱਲੋਂ ਆਪਣੀ ਪ੍ਰਾਪਰਟੀ ਦੀ ਵਿਕਰੀ ਬਾਰੇ ਕਰਨ ਵਾਲੇ ਤੁਹਾਡੇ ਫੈਸਲੇ 'ਤੇ ਅਸਰ ਪਾ ਸਕਦੀ ਹੈ।

ਜਦੋਂ ਤੁਹਾਨੂੰ ਕਿਸੇ ਖ਼੍ਰੀਦਦਾਰ ਤੋਂ ਕੋਈ ਆਫਰ ਆਵੇ ਤਾਂ ਤੁਹਾਡਾ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਨੂੰ **ਅਦਾ ਕੀਤੀ ਜਾਣ ਵਾਲੀ ਰਕਮ (ਪੇਮੈਂਟ) ਬਾਰੇ ਵੇਚਣ ਵਾਲਿਆਂ ਲਈ ਡਿਸਕਲੋਜ਼ਰ** ਨਾਂ ਦਾ ਮੁਕੰਮਲ ਕੀਤਾ ਗਿਆ ਫਾਰਮ ਦੇਵੇਗਾ। ਜੇ ਤੁਹਾਨੂੰ ਜੁਆਬੀ (ਕਾਊਂਟਰ) ਆਫਰ ਮਿਲੇ ਤਾਂ ਉਹ ਨਵੀਂਆਂ ਰਕਮਾਂ ਦੇ ਨਾਲ ਫਾਰਮ ਨੂੰ ਅਪਡੇਟ ਕਰੇਗਾ।

### ਇਹ ਡਿਸਕਲੋਜ਼ਰ ਫਾਰਮ ਤੁਹਾਨੂੰ ਦਿਖਾਉਂਦਾ ਹੈ:

- ✓ ਜੇ ਤੁਸੀਂ ਆਫਰ ਮੰਨ ਲੈਂਦੇ ਹੋ ਤਾਂ ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੀ ਬ੍ਰੋਕਰੇਜ ਨੂੰ ਕੁੱਲ ਕਿੰਨੀ ਰਕਮ ਮਿਲੇਗੀ
- ✓ ਸੰਭਾਵੀ ਖ਼੍ਰੀਦਦਾਰ ਦੀ ਨੁਮਾਇੰਦਗੀ ਕਰਨ ਵਾਲੀ ਬ੍ਰੋਕਰੇਜ, ਜੇ ਕੋਈ ਹੋਵੇ ਤਾਂ, ਨਾਲ ਇਹ ਰਕਮ ਕਿਵੇਂ ਵੰਡੀ ਜਾਵੇਗੀ
- ✓ ਕੋਈ ਹੋਰ ਪੇਮੈਂਟ ਜਿਹੜੀ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਇਸ ਸੌਦੇ ਦੇ ਸੰਬੰਧ ਵਿੱਚ ਮਿਲੇਗੀ ਜਾਂ ਉਹ ਮਿਲਣ ਦੀ ਉਮੀਦ ਰੱਖਦਾ ਹੈ

ਇਹ ਫਾਰਮ ਉਹ ਰਕਮ ਦਿਖਾਉਂਦਾ ਹੈ ਜਿਹੜੀ ਬ੍ਰੋਕਰੇਜ ਨੂੰ ਮਿਲੇਗੀ ਅਤੇ ਉਹ ਰਕਮ ਨਹੀਂ ਦਿਖਾਉਂਦਾ ਜਿਹੜੀ ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਮਿਲੇਗੀ। ਤੁਹਾਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਨੂੰ ਪੇਮੈਂਟ ਉਨ੍ਹਾਂ ਦੀ ਬ੍ਰੋਕਰੇਜ ਤੋਂ ਮਿਲਦੀ ਹੈ।



ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਨਾਲ ਸੰਪਰਕ ਕਰੋ। 1 866 206 3030 | ਗੁਪਤ ਸੂਹ ਦੇਣ ਲਈ ਲਾਈਨ: 1 833 420 2400 | info@bcfsa.ca

# ਰੀਅਲ ਇਸਟੇਟ ਸੇਵਾਵਾਂ ਲਈ ਪੈਸੇ ਦੇਣਾ: ਵੇਚਣ ਵਾਲਿਆਂ ਨੂੰ ਕੀ ਜਾਣਨ ਦੀ ਲੋੜ ਹੈ

**ਅਦਾ ਕੀਤੀ ਜਾਣ ਵਾਲੀ ਰਕਮ (ਪੇਮੈਂਟ) ਬਾਰੇ ਵੇਚਣ ਵਾਲਿਆਂ ਲਈ ਡਿਸਕਲੋਜ਼ਰ**

ਤੁਹਾਨੂੰ ਇਹ ਫਾਰਮ ਇਸ ਲਈ ਦਿੱਤਾ ਜਾ ਰਿਹਾ ਹੈ ਕਿਉਂਕਿ ਤੁਹਾਡੀ ਪ੍ਰਾਪਰਟੀ ਖ਼੍ਰੀਦਣ ਲਈ ਇਕ ਆਫਰ ਦਿੱਤੀ ਗਈ ਹੈ।

**ਰੀਅਲ ਇਸਟੇਟ ਸਰਵਿਸਜ਼ ਰੂਲਜ਼ ਦੇ ਸੈਕਸ਼ਨ 57 ਦੀ ਪਾਲਣਾ ਕਰਨ ਲਈ ਇਸ ਡਿਕਲੋਜ਼ਰ ਫਾਰਮ (ਜਾਣਕਾਰੀ ਦੇਣ ਵਾਲੇ ਫਾਰਮ) ਨੂੰ ਦਿੱਤਾ ਜਾਣਾ ਜ਼ਰੂਰੀ ਹੈ। ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਡਿਸਕਲੋਜ਼ਰ ਫਾਰਮ ਦੇ ਨਾਲ ਨਾਲ ਰੀਅਲ ਇਸਟੇਟ ਸੇਵਾਵਾਂ ਲਈ ਪੈਸੇ ਦੇਣਾ: ਵੇਚਣ ਵਾਲਿਆਂ ਨੂੰ ਕੀ ਜਾਣਨ ਦੀ ਲੋੜ ਹੈ ਨਾਂ ਦਾ ਜਾਣਕਾਰੀ ਦੇਣ ਵਾਲਾ ਸਫਾ ਵੀ ਤੁਹਾਨੂੰ ਦੇਣਾ ਜ਼ਰੂਰੀ ਹੈ।**

## REAL ESTATE PROFESSIONAL DISCLOSURE DETAILS

| | |
|---|---|
| Name | Property address |
| Team name and members<br>*ਇਸ ਫਾਰਮ ਵਿੱਚ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਦੱਸੇ ਗਏ ਫਰਜ਼ ਸਾਰੇ ਟੀਮ ਮੈਂਬਰਾਂ 'ਤੇ ਲਾਗੂ ਹੁੰਦੇ ਹਨ।* | Name(s) of seller(s) |
| Brokerage | Name(s) of potential buyer(s) |
| Signature | Potential buyer(s)' brokerage, if any |

| **Offer Details** | **Offer** | **Counter-offer** | **Counter-offer** | **Counter-offer** |
|---|---|---|---|---|
| Date of offer/counter-offer: | | | | |
| Offered purchase price: | | | | |
| Date of disclosure: | | | | |

| **Payment Details** Amounts below are exclusive of GST | **Offer** | **Counter-offer** | **Counter-offer** | **Counter-offer** |
|---|---|---|---|---|
| If you accept this offer you will pay your real estate professional's brokerage this amount: | | | | |
| • This amount will be kept by your real estate professional's brokerage for representing you: | | | | |
| • This amount will be shared with the potential buyer's brokerage†: | | | | |
| Your real estate professional has received or will receive this amount from someone other than you, as a result of providing real estate services to you, or on your behalf††: | | | | |

## CONSUMER ACKNOWLEDGMENT:

**This is NOT a contract**

| | | | | |
|---|---|---|---|---|
| Please initial to acknowledge disclosure for each offer or counter-offer (optional): | | | | |

† ਜਦੋਂ ਵੇਚਣ ਵਾਲੇ ਅਤੇ ਖ਼੍ਰੀਦਦਾਰ ਇਕ ਹੀ ਬ੍ਰੋਕਰੇਜ ਦੇ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਨਾਲ ਕੰਮ ਕਰ ਰਹੇ ਹੋਣ, ਤਾਂ ਬ੍ਰੋਕਰੇਜ ਵੱਲੋਂ ਖ਼੍ਰੀਦਦਾਰ ਦੇ ਰੀਅਲ ਇਸਟੇਟ ਪ੍ਰੋਫੈਸ਼ਨਲ ਵੱਲੋਂ ਦਿੱਤੀਆਂ ਸੇਵਾਵਾਂ ਲਈ ਰੱਖੇ ਗਏ ਪੈਸਿਆਂ ਬਾਰੇ ਦੱਸਣ ਲਈ ਇਸ ਖਾਨੇ ਵਿੱਚ ਜਾਣਕਾਰੀ ਭਰੀ ਜਾਵੇਗੀ।

†† ਜੇ ਰੀਅਲ ਇਸਟੇਟ ਪ੍ਰੋਫੈਸ਼ਨਲ ਇਸ ਸੈਕਸ਼ਨ ਵਿੱਚ ਕਿਸੇ ਰਕਮ ਬਾਰੇ ਦੱਸਦਾ ਹੈ, ਤਾਂ ਉਸ ਲਈ ਵੇਚਣ ਵਾਲਿਆਂ ਨੂੰ ਇਕ ਵੱਖਰਾ ਫਾਰਮ ਦੇਣਾ ਜ਼ਰੂਰੀ ਹੈ ਜੋ ਅਦਾ ਕੀਤੀ ਜਾਣ ਵਾਲੀ ਰਕਮ ਦੇ ਸ੍ਰੋਤ, ਅਦਾ ਕੀਤੀ ਜਾਣ ਵਾਲੀ ਰਕਮ ਦੀ ਮਾਤਰਾ ਜਾਂ ਅਨੁਮਾਨਿਤ ਮਾਤਰਾ ਜਾਂ ਅਦਾ ਕੀਤੀ ਜਾਣ ਵਾਲੀ ਰਕਮ ਨੂੰ ਮਿੱਥਣ ਦੇ ਢੰਗ ਬਾਰੇ ਦੱਸਦਾ ਹੋਵੇ ਅਤੇ ਰੂਲਜ਼ ਦੇ ਸੈਕਸ਼ਨ 56(1)(ਏ) ਅਧੀਨ ਅਦਾ ਕੀਤੀ ਜਾਣ ਵਾਲੀ ਰਕਮ ਨਾਲ ਸੰਬੰਧਿਤ ਬਾਕੀ ਸਾਰੇ ਤੱਥਾਂ ਬਾਰੇ ਦੱਸਦਾ ਹੋਵੇ।

ਇਸ ਡਿਸਕਲੋਜ਼ਰ ਦੀ ਕਾਪੀ ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ ਨੂੰ ਦੇਣਾ ਜ਼ਰੂਰੀ ਨਹੀਂ ਹੈ ਜੇ ਇਸ ਦੀ ਖਾਸ ਤੌਰ 'ਤੇ ਮੰਗ ਨਾ ਕੀਤੀ ਹੋਵੇ।



BCFSA BC Financial Services Authority / You're Protected bcfsa.ca